## ਦਫ਼ਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਨੰ: 1, ਭਵਨ ਤੇ ਮਾਰਗ ਸ਼ਾਖਾ, ਪਟਿਆਲਾ

ਈ-ਮੇਲ eepd1ptapwdpb@gmail.com

ਵੱਲ

Principal,
DAV Public School,
Patiala.

ਮੀਮੋ ਨੰਬਰ- 9521 ਮਿਤੀ 09/10/25

**ਵਿਸ਼ਾ- ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਵਲੋਂ ਸਕੂਲ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ ਮਿਤੀ 27.03.2026 ਤੱਕ ਦਾ ਜਮਾਂ ਕਰਵਾਇਆ ਗਿਆ ਜਿਸ ਉਪਰੰਤ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ 4, ਪਟਿਆਲਾ ਦੀ ਰਿਪੋਰਟ ਅਨੁਸਾਰ ਸਕੂਲ ਦੀ ਬਿਲਡਿੰਗ ਬਾਹਰੋਂ ਵੇਖਣ ਨੂੰ ਸੁਰੱਖਿਅਤ ਜਾਪਦੀ ਹੈ ਅਤੇ ਆਪ ਨੂੰ ਇਸ ਸਕੂਲ ਲਈ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ। ਇਹ ਸਰਟੀਫਿਕੇਟ ਮਿਤੀ 31.03.2030 ਤੱਕ ਵੈਲਿਡ ਰਹੇਗਾ।

**ਸ਼ਰਤਾਂ-**

1. ਸਕੂਲ ਪ੍ਰਸ਼ਾਸਨ ਵਲੋਂ ਦਿੱਤੀ ਹੋਈ ਅੰਡਰਟੇਕਿੰਗ ਅਨੁਸਾਰ ਬਿਲਡਿੰਗ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਇਹ ਸੇਫਟੀ ਸਰਟੀਫਿਕੇਟ ਕੇਵਲ ਸਕੂਲ ਦੀ ਉਕਤ ਬਰਾਂਚ ਲਈ ਵੈਲਿਡ ਹੋਵੇਗਾ।
2. ਇਹ ਸਰਟੀਫਿਕੇਟ ਜਾਰੀ ਹੋਣ ਤੋਂ ਬਾਅਦ ਸਕੂਲ ਪ੍ਰਸ਼ਾਸਨ ਵੱਲੋਂ ਸਮੇਂ ਸਮੇਂ ਤੇ ਕਿਸੇ ਸੀਨੀਅਰ ਸਟਰਕਚਰ ਇੰਜੀਨੀਅਰ ਪਾਸੋਂ ਰੈਗੂਲਰ ਤੌਰ ਤੇ ਇੰਸਪੈਕਸ਼ਨ ਕਰਵਾਈ ਜਾਵੇਗੀ। ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੀ ਦੀਵਾਰ/ਛੱਤ/ਕਾਲਮ ਆਦਿ ਵਿੱਚ ਕੋਈ ਤਰੇੜ ਨਜ਼ਰ ਆਉਂਦੀ ਹੈ ਤਾਂ ਸਟਰਕਚਰ ਇੰਜੀਨੀਅਰ ਦੀ ਮਦਦ ਨਾਲ ਬਿਨਾਂ ਕਿਸੇ ਦੇਰੀ ਤੋਂ ਲੋੜੀਦੀ ਮੁਰੰਮਤ ਕਰਵਾਈ ਜਾਵੇਗੀ ਅਤੇ ਇਸ ਵਿਭਾਗ ਨੂੰ ਸੂਚਿਤ ਕਰਨ ਲਈ ਸਕੂਲ ਪ੍ਰਸ਼ਾਸਨ ਪਾਬੰਦ ਹੋਵੇਗਾ ਅਤੇ ਜੇਕਰ ਬਿਲਡਿੰਗ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇ ਅਤੇ ਨਵੇਂ ਸਕੂਲ ਸੇਫਟੀ ਸਰਟੀਫਿਕੇਟ ਲਈ ਕੇਸ ਅਪਲਾਈ ਕੀਤਾ ਜਾਵੇ।
3. ਇਸ ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ ਮਿਤੀ 27.03.2026 ਤੱਕ ਵੈਲਿਡ ਹੈ, ਇਹ ਸਕੂਲ ਸੇਫਟੀ ਸਰਟੀਫਿਕੇਟ 31.03.2030 ਤੱਕ ਇਸ ਸ਼ਰਤ ਤੇ ਵੈਲਿਡ ਰਹੇਗਾ ਕਿ ਸਕੂਲ ਪ੍ਰਸ਼ਾਸਨ ਵਲੋਂ ਨਿਸ਼ਚਿਤ ਮਿਤੀ ਤੋਂ ਪਹਿਲਾਂ ਫਾਇਰ ਸੇਫਟੀ ਸਰਟੀਫਿਕੇਟ ਰਿਨਿਉ ਕਰਵਾਕੇ ਇਸ ਦਫਤਰ ਵਿਖੇ ਜਮ੍ਹਾਂ ਕਰਵਾਉਣਾ ਪਵੇਗਾ। ਜੇਕਰ ਨਿਸ਼ਚਿਤ ਮਿਤੀ ਤੋਂ ਪਹਿਲਾਂ ਫਾਇਰ ਸੇਫਟੀ ਸਰਟੀਫਿਕੇਟ ਜਮਾਂ ਨਹੀਂ ਕਰਵਾਇਆ ਜਾਂਦਾ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।
4. ਸਕੂਲ ਬਿਲਡਿੰਗ ਤੱਕ ਰਸਤਾ ਜੇਕਰ ਲਿਆ ਜਾਂਦਾ ਹੈ ਤਾਂ ਇਸ ਦੀ ਪ੍ਰੋਪਰ ਮੰਨਜ਼ੂਰੀ ਸਬੰਧਤ ਵਿਭਾਗ ਤੋ ਲੈਣੀ ਯਕੀਨੀ ਬਣਾਈ ਜਾਵੇ।
5. ਸੜਕ ਤੋ ਸਕੂਲ ਤੱਕ ਅਤੇ ਸੜਕ ਕਰੋਸਿੰਗ ਲਈ ਲੋੜੀਂਦੇ ਪ੍ਰਬੰਧ ਸਹੀ ਢੰਗ ਨਾਲ ਕੀਤੇ ਜਾਣ ਅਤੇ ਲੋੜੀਂਦੇ ਨਿਸ਼ਾਨ ਚਿੰਨ ਅਤੇ ਨਿਸ਼ਾਨ ਬੋਰਡ ਆਪਣੇ ਪੱਧਰ ਤੇ ਲਗਾਉਣੇ ਯਕੀਨੀ ਬਣਾਇਆ ਜਾਵੇ।
6. ਪਾਰਕਿੰਗ ਲਈ ਇੰਤਜਾਮ ਸਕੂਲ ਅਥਾਰਟੀ ਆਪਣੇ ਪੱਧਰ ਤੇ ਕਰੇਗੀ ਜਿਸ ਨਾਲ ਪਬਲਿਕ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀ ਆਉਣੀ ਚਾਹੀਦੀ।
7. ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋ ਜਾਰੀ ਸਕੂਲ ਬੱਸਾਂ ਵਿੱਚ ਸੁਰਖਿਆ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
8. ਇਹ ਸਰਟੀਫਿਕੇਟ ਜਾਰੀ ਹੋਣ ਤੋਂ ਬਾਅਦ ਜੇਕਰ ਬਿਲਡਿੰਗ ਵਿਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇ ਅਤੇ ਸਕੂਲ ਪ੍ਰਸ਼ਾਸਨ ਵਲੋਂ ਨਵਾਂ ਸਕੂਲ ਸੇਫਟੀ ਸਰਟੀਫਿਕੇਟ ਅਪਲਾਈ ਕੀਤਾ ਜਾਵੇ।
9. ਜੇਕਰ ਉਪਰੋਕਤ ਦਿੱਤੀਆਂ ਹਦਾਇਤਾਂ/ਕੰਡੀਸ਼ਨਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1,
ਲੋ.ਨਿ.ਵਿ.,ਭ ਤੇ ਮ ਸ਼ਾਖਾ, ਪਟਿਆਲਾ

ਪਿੱਠ ਅੰਕਣ ਨੰਬਰ- ਮਿਤੀ-....

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ ਨੰਬਰ 4 ਭਵਨ ਤੇ ਮਾਰਗ ਸ਼ਾਖਾ, ਪਟਿਆਲਾ ਨੂੰ ਉਨ੍ਹਾਂ ਦੇ ਮੀਮੋ ਨੰ 396 ਮਿਤੀ 01.10.2025 ਦੇ ਸਬੰਧ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1,
ਲੋ.ਨਿ.ਵਿ.,ਭ ਤੇ ਮ ਸ਼ਾਖਾ, ਪਟਿਆਲਾ